International Journal of Applied Research 2019; 5(4): 249-253




**ISSN Print:** 2394-7500
**ISSN Online:** 2394-5869
**Impact Factor:** 5.2
IJAR 2019; 5(4): 249-253
www.allresearchjournal.com
Received: 01-02-2019
Accepted: 05-03-2019

**ਡਾ. ਵਿਨੈਨੀਤ ਕੌਰ**
ਐਸੋਸੀਏਟ ਪ੍ਰੋਫੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

Correspondence
**ਡਾ. ਵਿਨੈਨੀਤ ਕੌਰ**
ਐਸੋਸੀਏਟ ਪ੍ਰੋਫੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

# ਪ੍ਰਿੰਟ ਮੀਡੀਆ: (ਪੰਜਾਬੀ ਪੱਤਰਕਾਰੀ ਦੇ ਵਿਸ਼ੇਸ਼ ਸੰਦਰਭ 'ਚ)

**ਡਾ. ਵਿਨੈਨੀਤ ਕੌਰ**

## ਪ੍ਰਸਤਾਵਨਾ

ਆਧੁਨਿਕਰਣ ਦੇ ਇਸ ਯੁੱਗ ਵਿਚ ਜਿੱਥੇ ਪੱਤਰਕਾਰੀ ਦੀਆਂ ਨਵੀਆਂ ਤੋਂ ਨਵੀਆਂ ਤਕਨੀਕਾਂ ਈਜਾਦ ਹੋ ਰਹੀਆਂ ਹਨ, ਹਰ ਪਲ ਨਵੇਂ ਤਜ਼ਰਬੇ ਕੀਤੇ ਜਾ ਰਹੇ ਹਨ, ਅਜਿਹੇ ਸਮੇਂ ਵੀ ਪੱਤਰਕਾਰੀ ਦੇ ਸਭ ਤੋਂ ਪੁਰਾਣੇ ਮਾਧਿਅਮ 'ਪ੍ਰਿੰਟ ਮੀਡੀਆ' ਦਾ ਮਹੱਤਵ ਸਭ ਤੋਂ ਵੱਧ ਹੈ। ਪ੍ਰਿੰਟ ਮੀਡੀਆ ਤੋਂ ਭਾਵ ਹੈ ਉਹ ਸ਼ਬਦ ਜੋ ਛਾਪੇ ਜਾਂ ਪ੍ਰਕਾਸ਼ਿਤ ਕੀਤੇ ਜਾਣ। ਇਸਦੇ ਅੰਤਰਗਤ ਅਖ਼ਬਾਰਾਂ, ਰਸਾਲੇ, ਪਰਚੇ, ਪੋਸਟਰ, ਪੁਸਤਕਾਂ ਆਦਿ ਸਮਗਰੀ ਆਉਂਦੀ ਹੈ। ਅਜੋਕੇ ਜਨਸੰਚਾਰ ਦੇ ਮਾਧਿਅਮਾਂ ਦੀ ਤੁਲਨਾਂ ਵਿਚ ਪ੍ਰਿੰਟ ਮੀਡੀਆ ਵਧੇਰੇ ਭਰੋਸੇਯੋਗ ਮੰਨਿਆ ਜਾਂਦਾ ਹੈ। ਇਸਦਾ ਕਾਰਣ ਇਹ ਹੈ ਕਿ ਕੁਝ ਸਾਲ ਪਹਿਲੇ ਤਕ ਭਾਰਤ ਵਿਚ ਰੇਡੀਓ, ਟੈਲੀਵਿਜਨ ਵਰਗੇ ਜਨਸੰਚਾਰ ਦੇ ਮਾਧਿਅਮ ਸਰਕਾਰੀ ਮੰਨੇ ਜਾਂਦੇ ਸਨ। ਨੱਬੇ ਦੇ ਦਸ਼ਕ ਵਿਚ ਪ੍ਰਸਾਰਣਾਂ ਦੇ ਨਿਜੀਕਰਣ ਦੇ ਨਾਲ ਟੈਲੀਵਿਜਨ ਦੇ ਪ੍ਰਸਾਰਣ ਨੂੰ ਵੀ ਨਿਜੀ ਸੰਚਾਰ ਦੀ ਇਜਾਜ਼ਤ ਮਿਲਣ ਨਾਲ ਅਨੇਕਾਂ ਮਹੱਤਵਪੂਰਨ ਚੈਨਲ ਸੰਚਾਰ ਦੇ ਮੈਦਾਨ ਵਿਚ ਆ ਗਏ। ਪ੍ਰਿੰਟ ਮਾਧਿਅਮ/ਮੀਡੀਆ ਦੀ ਪਹਿਚਾਨ ਨਿਜੀ ਸੰਚਾਰ ਮਾਧਿਅਮ ਦੇ ਤੌਰ 'ਤੇ ਰਹੀ ਹੈ, ਇਸ ਕਾਰਣ ਪ੍ਰਿੰਟ ਮੀਡੀਆ 'ਚ ਲੋਕਾਂ ਦਾ ਵਿਸ਼ਵਾਸ ਸ਼ੁਰੂ ਤੋਂ ਹੀ ਕਾਇਮ ਹੈ।

ਸੰਸਾਰ ਭਰ ਵਿਚ ਪੱਤਰਕਾਰੀ ਦੇ ਅਨੇਕਾਂ ਮਾਧਿਅਮਾਂ ਦੇ ਬਾਵਜੂਦ ਵੀ ਹਰ ਪੜ੍ਹਿਆ-ਲਿਖਿਆ ਮਨੁੱਖ ਰੋਜ਼ਾਨਾ ਅਖ਼ਬਾਰ ਜ਼ਰੂਰ ਪੜ੍ਹਦਾ ਹੈ। ਅਖ਼ਬਾਰਾਂ ਦਾ ਸੰਬੰਧ ਪੜ੍ਹੇ-ਲਿਖੇ/ਸਾਕਸ਼ਰ ਸਮਾਜ ਨਾਲ ਰਿਹਾ ਹੈ। ਅਖ਼ਬਾਰਾਂ ਵਿਚ ਖ਼ਬਰਾਂ ਬੜੇ ਵਿਸ਼ਵਸਨੀਯ ਢੰਗ ਨਾਲ, ਕਿਸੇ ਖੇਤਰ ਵਿਸ਼ੇਸ਼ ਨਾਲ ਸੰਬੰਧਤ ਹਰ ਵਿਸ਼ੇ 'ਤੇ ਪ੍ਰਕਾਸ਼ਿਤ ਹੁੰਦੀਆਂ ਹਨ। ਹਰ ਪੜ੍ਹੇ-ਲਿਖੇ ਮਨੁੱਖ ਦੇ ਨਾਲ-ਨਾਲ ਅਨਪੜ੍ਹ ਵਿਅਕਤੀ ਵੀ ਉਨ੍ਹਾਂ ਖ਼ਬਰਾਂ ਨੂੰ ਦੂਜਿਆਂ ਕੋਲੋਂ ਪੜ੍ਹਵਾ ਕੇ ਖ਼ਬਰਾਂ ਦਾ ਅਨੰਦ ਲੈਂਦੇ ਅਤੇ ਖ਼ਬਰਾਂ ਦਾ ਵਿਸ਼ਲੇਸ਼ਣ ਕਰਦੇ ਹਨ। ਇਹ ਅਖ਼ਬਾਰਾਂ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਢੰਗ ਹੈ ਜੋ ਸਾਡੇ ਸਮਾਜ ਦਾ ਬੜਾ ਨਿੱਘਾ ਅਤੇ ਖ਼ੂਬਸੂਰਤ ਹਿੱਸਾ ਹੈ।

ਪੰਜਾਬੀ ਅਖ਼ਬਾਰਾਂ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਪੰਜਾਬੀ ਪੱਤਰਕਾਰੀ ਦੀ ਉਮਰ ਭਾਰਤੀ ਪੱਤਰਕਾਰੀ ਦੀ ਉਮਰ ਤੋਂ ਅੱਧੀ ਹੈ। ਭਾਰਤ ਦਾ ਪਹਿਲਾ ਅਖ਼ਬਾਰ 'ਬੰਗਾਲ ਗਜ਼ਟ' *21*

ਜਨਵਰੀ *1780* ਵਿਚ ਕਲਕੱਤਾ ਤੋਂ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ, ਪਰ ਪੰਜਾਬੀ ਦਾ ਪਹਿਲਾ ਅਖ਼ਬਾਰ 'ਗੁਰਮੁਖੀ ਅਖ਼ਬਾਰ' *10* ਨਵੰਬਰ *1880* ਵਿਚ ਲਾਹੌਰ ਤੋਂ ਸ਼ੁਰੂ ਹੋਇਆ। ਇਹ ਸਪਤਾਹਕ ਅਖ਼ਬਾਰ ਲਿਥੋ ਪ੍ਰੈਸ (ਪੱਥਰ ਦੇ ਛਾਪੇ) ਉੱਤੇ ਛੱਪਦਾ ਸੀ। ਇਸਦੇ ਸੰਪਾਦਕ ਭਾਈ ਗੁਰਮੁਖ ਸਿੰਘ ਸਨ। ਇਹ ਪਰਚਾ 'ਸਿੰਘ ਸਭਾ ਲਹਿਰ' ਦਾ ਸਮਰਥਕ ਸੀ। ਇਹ ਅਖ਼ਬਾਰ *1888* ਤਕ ਚਲਦਾ ਰਿਹਾ। ਫੇਰ *1893* ਵਿਚ 'ਖ਼ਾਲਸਾ ਪ੍ਰੈਸ'ਨਾਮਕ ਛਾਪੇਖਾਨੇ 'ਚ ਛਪਣਾ ਸ਼ੁਰੂ ਹੋ ਗਿਆ ਜੋ ਗੁਰਮੁਖ ਸਿੰਘ ਨੇ ਲਾਇਆ ਸੀ। *1886* ਵਿਚ ਉਨ੍ਹਾਂ 'ਖ਼ਾਲਸਾ ਗਜਟ' ਸਪਤਾਹਕ ਵੀ ਜਾਰੀ ਕੀਤਾ। ਇਉਂ ਪੰਜਾਬੀ ਪੱਤਰਕਾਰੀ ਦਾ ਜਨਮ ਸਥਾਨ ਜੇ ਲਾਹੌਰ ਨੂੰ ਮੰਨਿਆ ਜਾਵੇ ਤਾਂ ਭਾਈ ਗੁਰਮੁਖ ਸਿੰਘ ਪੰਜਾਬੀ ਪੱਤਰਕਾਰੀ ਦੇ ਜਨਮ ਦਾਤਾ ਕਹੇ ਜਾਣਗੇ।

ਸੋ ਪੰਜਾਬੀ ਅਖ਼ਬਾਰਾਂ ਅਤੇ ਰਸਾਲਿਆਂ ਦਾ ਦੌਰ ਇਥੋਂ ਹੀ ਸ਼ੁਰੂ ਹੋ ਜਾਂਦਾ ਹੈ। ਹੌਲੀ-ਹੌਲੀ ਵਿਕਾਸ ਕਰਦੀ ਪੱਤਰਕਾਰੀ, ਤ੍ਰੈਮਾਸਿਕ, ਮਾਸਿਕ, ਹਫ਼ਤਾਵਾਰ, ਰੋਜ਼ਾਨਾਂ ਅਖ਼ਬਾਰਾਂ ਕੱਢਦੀ, ਬੰਦ ਕਰਦੀ ਅਤੇ ਹੋਰ ਨਵੇਂ ਪਰਚੇ ਕੱਢਦੀ ਅਜੋਕੇ ਸਮੇਂ ਤਕ ਪਹੁੰਚੀ ਹੈ। ਇਸ ਦੌਰਾਨ ਵਿਕਾਸ ਨੂੰ ਇਥੇ ਬਹੁਤ ਸਾਰੇ ਵਿਸਥਾਰ ਵਿਚ ਨਹੀਂ ਵਿਚਾਰਿਆ ਜਾ ਰਿਹਾ, ਕਿਉਂਕਿ ਇਤਿਹਾਸ ਦਾ ਵਿਸਤਾਰ ਤਾਂ ਸਾਨੂੰ ਬਹੁਤ ਥਾਂ 'ਤੇ ਮਿਲ ਜਾਂਦਾ ਹੈ। ਇਥੇ ਅਸੀਂ ਮੁੱਖ ਪਰਚਿਆਂ ਦਾ ਅਧਿਐਨ ਨਿਕਟ ਭੂਤਕਾਲ ਤੋਂ ਕਰਨ ਦਾ ਯਤਨ ਕਰਾਂਗੇ। ਇਸ ਸਮੇਂ ਨੂੰ ਪੱਤਰਕਾਰੀ ਦੇ ਇਤਿਹਾਸ ਵਿਚ ਵਰਤਮਾਨ ਕਾਲ ਦਾ ਨਾਂ ਦਿੱਤਾ ਗਿਆ ਹੈ।

ਪੰਜਾਬੀ ਪੱਤਰਕਾਰੀ ਦੇ ਵਰਤਮਾਨ ਕਾਲ ਦਾ ਆਰੰਭ ਅਸੀਂ ਆਜ਼ਾਦੀ (ਅਗਸਤ *1947*) ਤੋਂ ਪਿੱਛੋਂ ਹੋਇਆ ਮੰਨਦੇ ਹਾਂ। ਆਜ਼ਾਦੀ ਤੋਂ ਪਿਛੋਂ ਨਿਕਲਣ ਵਾਲਾ ਪੰਜਾਬੀ ਦਾ ਪਮੁੱਖ ਰੋਜ਼ਾਨਾ ਅਖ਼ਬਾਰ 'ਅਜੀਤ'ਹੈ। 'ਅਜੀਤ'ਨੇ ਕੇਵਲ ਸਿਆਸੀ, ਸਮਾਜੀ, ਸਾਹਿਤ ਅਤੇ ਕਲਾ ਦੇ ਪੱਖ ਤੋਂ ਹੀ ਨਵੀਆਂ ਲੀਹਾਂ ਨਹੀਂ ਪਾਈਆਂ ਸਗੋਂ ਛਪਣ ਦੀ ਤਕਨੀਕ ਤੋਂ ਵੀ ਇਸਨੇ ਨਵੇਂ ਪੂਰਨੇ ਪਾਏ, ਜਿਨ੍ਹਾਂ ਉਤੇ ਚਲ ਕੇ ਪੰਜਾਬੀ ਪੱਤਰਕਾਰੀ ਅੱਜ ਨਵੇਂ ਤੋਂ ਨਵੇਂ ਰਾਹ ਅਖ਼ਤਿਆਰ ਕਰ ਰਹੀ ਹੈ। ਛਪਣ ਦੇ ਪੱਖ ਤੋਂ ਵੀ ਇਹ ਪੰਜਾਬੀ ਦਾ ਸ਼੍ਰੋਮਣੀ ਪੱਤਰ ਹੈ। ਹਾਲਾਂਕਿ ਅੱਜ ਦੇ ਸਮੇਂ ਆ ਕੇ ਹੋਰ ਵੀ ਕਈ ਪੱਤਰ ਹਨ ਜੋ ਇਸ ਪੱਤਰ ਦੇ ਮੁਕਾਬਲੇ ਤੇ ਹਨ, ਉਨ੍ਹਾਂ ਬਾਰੇ ਚਰਚਾ ਅਸੀਂ ਅੱਗੇ ਕਰਾਂਗੇ।

'ਅਜੀਤ' ਪੰਜਾਬੀ ਪੱਤਰਕਾਰੀ ਦਾ ਇਤਿਹਾਸ ਹੈ। ਇਹ ਇਕ ਤਰ੍ਹਾਂ ਨਾਲ ਪੰਜਾਬੀ ਪੱਤਰਕਾਰੀ ਦੇ ਤੇਜ਼ੀ ਨਾਲ ਹੋਏ ਵਿਕਾਸ ਦਾ ਇਤਿਹਾਸ ਹੈ ਕਿਉਂਕਿ 'ਅਜੀਤ' ਨੇ ਸਮੱਗਰੀ ਦੇ ਪੱਖ ਤੋਂ ਆਮ ਕਰਕੇ ਅਤੇ ਤਕਨੀਕ ਦੇ ਪੱਖ ਤੋਂ ਵਿਸ਼ੇਸ਼ ਕਰਕੇ, ਜੋ ਸ਼ੁਰੂਆਤ ਕੀਤੀਆਂ ਉਨ੍ਹਾਂ ਨੂੰ ਹੀ ਬਾਕੀ ਅਖ਼ਬਾਰਾਂ ਨੇ ਅਪਨਾਇਆ ਹੈ। ਸਭ ਤੋਂ ਪਹਿਲਾਂ ਅਖ਼ਬਾਰ ਦੇ ਅਕਾਰ ਵਿਚ ਪਰਿਵਰਤਨ ਲਿਆਂਦਾ। ਫੇਰ 'ਅਜੀਤ'ਦੇ ਸਫ਼ੇ ਅਤੇ ਕੀਮਤ ਵੀ ਵਧਾਈ। ਇਸ ਤੋਂ ਬਾਅਦ ਫੌਂਟ ਦੇ ਸਾਇਜ਼ ਨੂੰ ਘਟਾ ਕੇ *12* ਲੈ ਆਂਦਾ ਜੋ ਕਿ ਬਾਕੀ ਅੰਗ੍ਰੇਜ਼ੀ ਅਤੇ ਹੋਰ ਪ੍ਰਮੁੱਖ ਅਖ਼ਬਾਰਾਂ ਵਰਤਦੀਆਂ ਸਨ। ਅਜ 'ਅਜੀਤ' *10* ਪੁਆਇੰਟ 'ਤੇ ਅਖ਼ਬਾਰ ਛਾਪਦਾ ਹੈ।

'ਅਕਾਲੀ ਪੱਤ੍ਰਿਕਾ' ਇਕ ਹੋਰ ਪ੍ਰਸਿੱਧ ਅਖ਼ਬਾਰ ਹੈ ਇਹ ਵੀ *1947* ਤੋਂ ਹੀ ਸ਼ੁਰੂ ਹੋਇਆ। ਉਰਦੂ 'ਹਿੰਦ ਸਮਾਚਾਰ' ਅਤੇ ਹਿੰਦੀ 'ਪੰਜਾਬ ਕੇਸਰੀ' ਦੇ ਸਮਰਥਕਾਂ ਨੇ *1978* ਵਿਚ 'ਜੱਗਬਾਣੀ' ਅਖ਼ਬਾਰ ਸ਼ੁਰੂ ਕੀਤਾ। ਰੋਜ਼ਾਨਾ 'ਪੰਜਾਬੀ ਟ੍ਰਿਬਿਊਨ'ਅਗਸਤ *1978* ਵਿਚ, 'ਅੰਗ੍ਰੇਜ਼ੀ ਟ੍ਰਿਬਿਊਨ'ਪ੍ਰਬੰਧ ਸੰਸਥਾ ਵਲੋਂ ਚੰਡੀਗੜ੍ਹ ਤੋਂ ਜਾਰੀ ਕੀਤਾ ਗਿਆ। ਇਹ ਅਖ਼ਬਾਰ ਪੰਜਾਬੀ ਪੱਤਰਕਾਰੀ ਦੇ ਵਰਤਮਾਨ ਦੀ ਮੂੰਹ ਬੋਲਦੀ ਤਸਵੀਰ ਹਨ, ਜੋ ਦੱਸਦੀ ਹੈ ਕਿ ਪੰਜਾਬੀ ਪੱਤਰਕਾਰੀ ਤਕਨੀਕੀ ਪੱਖ ਤੋਂ ਕਾਫ਼ੀ ਤੇਜ਼ੀ ਨਾਲ ਵਿਕਸਿਤ ਹੋ ਰਹੀ ਹੈ ਅਤੇ ਪਠਨ ਸਮੱਗਰੀ ਵਿਚ ਨਵੀਆਂ ਦਿਸ਼ਾਵਾਂ ਗ੍ਰਹਿਣ ਕਰ ਰਹੀ ਹੈ। ਇਨ੍ਹਾਂ ਅਖ਼ਬਾਰਾਂ ਤੋਂ ਇਲਾਵਾ ਜਲੰਧਰ ਤੋਂ ਦੋ ਰੋਜ਼ਾਨਾ ਅਖ਼ਬਾਰ ਹੋਰ ਨਿਕਲਦੇ ਹਨ ਜੋ ਕਮਿਊਨਿਸਟ ਪਾਰਟੀਆਂ ਵਲੋਂ ਵੱਖ ਵੱਖ ਚਲਾਏ ਜਾ ਰਹੇ ਹਨ। ਰੋਜ਼ਾਨਾ 'ਨਵਾਂ ਜ਼ਮਾਨਾ' ਸੀ.ਪੀ.ਆਈ. ਦਾ ਅਖ਼ਬਾਰ ਹੈ। ਜਦੋਂ ਕਮਿਊਨਿਸਟ ਪਾਰਟੀ ਇਕ ਸੀ ਤਾਂ ਇਸਦਾ ਆਪਣਾ ਅਖ਼ਬਾਰ ਉਰਦੂ 'ਨਯਾ ਜ਼ਮਾਨਾ'ਦੇ ਨਾਂ ਨਾਲ *1952* ਵਿਚ ਜਲੰਧਰ ਤੋਂ ਹੀ ਸ਼ੁਰੂ ਕੀਤਾ ਗਿਆ। *1956* ਵਿਚ ਇਸਨੂੰ ਜਲੰਧਰ ਤੋਂ ਹੀ ਪੰਜਾਬੀ ਵਿਚ ਕਰ ਦਿੱਤਾ ਗਿਆ। ਇਸ ਸਮੇਂ ਦੌਰਾਨ ਹੋਰ ਵੀ ਕਈ ਪਰਚੇ ਸ਼ੁਰੂ ਹੋਏ ਪਰ ਪਾਰਟੀਆਂ ਦੇ ਨਾਲ-ਨਾਲ ਬਦਲਦੇ ਅਤੇ ਬੰਦ ਵੀ ਹੁੰਦੇ ਰਹੇ। ਰੋਜ਼ਾਨਾ 'ਜੱਥੇਦਾਰ' *1969* ਵਿਚ ਜਲੰਧਰ ਤੋਂ ਇਕ ਸੁਤੰਤਰ ਅਖ਼ਬਾਰ ਦੇ ਰੂਪ ਵਿਚ ਕੱਢਿਆ ਗਿਆ। ਇਸਦੇ ਸਰਵਰਕ ਉਤੇ ਲਿਖਿਆ ਹੁੰਦਾ ਸੀ 'ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਛਪਣ ਵਾਲਾ' ਇਸ ਤੋਂ ਪਹਿਲਾਂ *1957* ਵਿਚ

ਮਾਸਟਰ ਜੀ ਨੇ ਪੰਥ ਸੇਵਕ' ਜਾਰੀ ਕੀਤਾ। ਪਰ ਛੇਤੀ ਹੀ ਬੰਦ ਕਰਨਾ ਪਿਆ।

ਜਲੰਧਰ ਭਾਵੇਂ ਪੰਜਾਬੀ, ਉਰਦੂ ਤੇ ਹਿੰਦੀ ਦੇ ਇਸ ਵੇਲੇ ਚਲਦੇ *15* ਤੋਂ ਵੱਧ ਰੋਜ਼ਾਨਾਂ ਅਖ਼ਬਾਰਾਂ ਦੀ ਇਕ ਤਰ੍ਹਾਂ ਨਾਲ ਰਾਜਧਾਨੀ ਹੈ, ਪਰ ਜਲੰਧਰ ਤੋਂ ਇਲਾਵਾ ਵੀ ਕਈ ਹੋਰ ਸ਼ਹਿਰਾਂ ਤੋਂ ਪੰਜਾਬੀ ਦੇ ਰੋਜ਼ਾਨਾ ਅਖ਼ਬਾਰ ਛੱਪਦੇ ਹਨ, ਜਿਨ੍ਹਾਂ ਵਿਚ ਪਟਿਆਲਾ ਦੇ ਰਣਜੀਤ' ਅਤੇ ਚੜ੍ਹਦੀ ਕਲਾ' ਵਰਨਣਯੋਗ ਹਨ। ਰੋਜ਼ਾਨਾਂ ਰਣਜੀਤ' ਅਤੇ ਚੜ੍ਹਦੀ ਕਲਾ' *1954* ਵਿਚ ਸ਼ੁਰੂ ਹੋਏ ਅਤੇ ਹੁਣ ਤਕ ਚਲ ਰਹੇ ਹਨ। ਇੰਟਰਨੈਟ ਤੋਂ ਪ੍ਰਾਪਤ ਸੂਚਨਾ ਅਨੁਸਾਰ ਚੜ੍ਹਦੀ ਕਲਾ' ਨੇ ਅਜਕਲ੍ਹ ਬਿਲਕੁਲ ਆਧੁਨਿਕ ਤਕਨੀਕਾਂ ਨੂੰ ਅਪਨਾਇਆ ਹੈ ਅਤੇ ਇਹ ਈ-ਪੇਪਰ ਦੇ ਤੌਰ ਤੇ ਵੀ ਔਨਲਾਈਨ ਪੜ੍ਹਿਆ ਜਾ ਸਕਦਾ ਹੈ। ਪਟਿਆਲਾ ਤੋਂ ਹੀ ਕੁਝ ਹੋਰ ਰੋਜ਼ਾਨਾ ਨਵੀਂ ਸਵੇਰ' (*1972*), ਧੜੱਲੇਦਾਰ', ਸੈਨਾਪਤੀ' (*1981*) ਅੱਜ ਵੀ ਨਿਕਲ ਰਹੇ ਹਨ।

ਲੁਧਿਆਣਾ ਤੋਂ ਇਕ ਰੋਜ਼ਾਨਾ ਅਖ਼ਬਾਰ ਤਰਜਮਾਨ' (*1951*) ਤੋਂ ਬਾਕਾਇਦਗੀ ਨਾਲ ਛੱਪ ਰਿਹਾ ਹੈ। ਇਸੇ ਤਰ੍ਹਾਂ ਹੋਰ ਬਹੁਤ ਸਾਰੇ ਅਖ਼ਬਾਰ ਹਨ ਜੋ ਚਲ ਰਹੇ ਹਨ। ਇਕ ਮਾਸਿਕ ਰਸਾਲਾ ਮਹਿਰਮ' ਨਾਭਾ ਤੋਂ *1983* ਵਿਚ ਨਿਕਲਣਾ ਸ਼ੁਰੂ ਹੋਇਆ ਜਿਸਦੇ ਸੰਪਾਦਕ ਸ਼੍ਰੀ. ਬੀ.ਐਸ. ਬੀਰ ਹਨ। *1967* ਵਿਚ ਦਿੱਲੀ ਤੋਂ ਰੋਜ਼ਾਨਾ ਅੰਮ੍ਰਿਤ ਪੱਤ੍ਰਿਕਾ' ਜਾਰੀ ਹੋਇਆ। ਇਸਦੇ ਸੰਪਾਦਕ ਗਿਆਨੀ ਭਜਨ ਸਿੰਘ ਸਨ।

ਸਪਤਾਹਕ ਪੱਤਰਾਂ ਵਿਚ ਫਤਹ' (*1927*) ਸ. ਲਾਭ ਸਿੰਘ ਨਾਰੰਗ ਨੇ ਲਾਹੌਰ ਤੋਂ ਜਾਰੀ ਕੀਤਾ ਸੀ। ਇਹ ਹੁਣ ਦਿੱਲੀ ਤੋਂ ਛੱਪਦਾ ਹੈ। ਕੌਮੀ ਏਕਤਾ' ਸਪਤਾਹਿਕ ਅਗਸਤ *1958* ਵਿਚ ਸ਼੍ਰੀ ਰਾਜਿੰਦਰ ਸਿੰਘ ਭਾਟੀਆ ਨੇ ਸ਼ੁਰੂ ਕੀਤਾ। ਇਸੇ ਤਰ੍ਹਾਂ ਹੀ ਦਿੱਲੀ ਤੋਂ ਗਰਜ', ਪੰਥ', ਪੰਥ ਪ੍ਰਕਾਸ਼' ਅਤੇ ਮਾਨਸਰੋਵਰ' ਵੀ ਬਾਕਾਇਦਾ ਨਿਕਲਣ ਵਾਲੇ ਪਰ ਸੀਮਿਤ ਘੇਰੇ ਵਿਚ ਪੜ੍ਹੇ ਜਾਣ ਵਾਲੇ ਸਪਤਾਹਿਕ ਹਨ। *1984* ਵਿਚ ਦਿੱਲੀ ਤੋਂ ਹੀ ਕੌਮੀ ਵੰਗਾਰ' ਨਿਕਲਣਾ ਵੀ ਸ਼ੁਰੂ ਹੋਇਆ। ਸਾਡੀ ਆਵਾਜ਼' ਮਾਸਕ (*1980*) ਚੰਡੀਗੜ੍ਹ, ਜੰਮੂ ਤੋਂ ਮਾਸਕ ਸਿੱਖ ਸੰਦੇਸ਼' *1967* ਤੋਂ ਚਲ ਰਿਹਾ ਹੈ। ਹੋਰ ਕਈ ਲੰਮੀ ਉਮਰ ਵਾਲੇ ਪੱਤਰਾਂ ਵਿਚ ਜਿਥੇ ਅਸੀਂ ਪ੍ਰੀਤਲੜੀ' ਦਾ ਜ਼ਿਕਰ ਵੀ ਕੀਤਾ ਹੈ ਉਥੇ ਉਸ ਤੋਂ ਵੀ ਵੱਧ ਉਮਰ ਵਾਲਾ ਹਫ਼ਤਾਵਾਰੀ ਪੱਤਰ ਖਾਲਸਾ ਸਮਾਚਾਰ' (*1899*) ਭਾਈ ਵੀਰ ਸਿੰਘ ਨੇ ਜਾਰੀ ਕੀਤਾ, ਜੋ ਹੁਣ ਤਕ ਦਿੱਲੀ ਤੋਂ ਨਿਰੰਤਰ ਛੱਪਦਾ ਹੈ।

ਦਿੱਲੀ ਨੂੰ ਪੰਜਾਬੀ ਦੇ ਕੁਝ ਬਹੁਤ ਉੱਘੇ ਮਾਸਕ ਪੱਤਰ ਜਾਰੀ ਕਰਨ ਅਤੇ ਜਾਰੀ ਰੱਖਣ ਦਾ ਵੀ ਮਾਣ ਹੈ। ਅਜੋਕਾ ਸਾਹਿਤਕ ਮਾਸਕ ਪੱਤਰ ਆਰਸੀ' (*1956*) ਚਾਂਦਨੀ ਚੌਂਕ ਤੋਂ ਭਾਈਆ ਪ੍ਰੀਤਮ ਸਿੰਘ ਨੇ ਜਾਰੀ ਕੀਤਾ। ਅੰਮ੍ਰਿਤਾ ਪ੍ਰੀਤਮ ਨੇ *1960* ਵਿਚ ਨਾਗਮਣੀ' ਜਾਰੀ ਕੀਤਾ। *1974* ਵਿਚ ਅਮਰਜੀਤ ਸਿੰਘ ਨੇ ਅਕਸ' ਇਸ ਦੇ ਨਾਲ ਹੋਰ ਵੀ ਕਈ ਪੱਤਰ ਜਿਵੇਂ: ਵਿਕੇਂਦ੍ਰਿਤ' (*1973*) ਸੇਧ' (*1972*) ਸਾਹਿਤਾਲੋਚਨਾ ਦਾ ਪੱਤਰ ਹੈ। ਹਸਤਾਖਰ' (*1981*) ਤ੍ਰੈਮਾਸਿਕ ਦਿੱਲੀ ਤੋਂ ਡਾ. ਅਮਰੀਕ ਸਿੰਘ ਪੁੰਨੀ ਅਤੇ ਡਾ. ਗੁਰਚਰਨ ਸਿੰਘ ਦੀ ਸੰਪਾਦਕੀ ਚ ਨਿਕਲਿਆ। ਇਕੱਤੀ ਫਰਵਰੀ' ਡਾ. ਸਤਿੰਦਰ ਸਿੰਘ ਨੂਰ, ਲੋਅ' (*1978*) ਆਦਿ ਪਰਚੇ ਨਿਕਲਣੇ ਜਾਰੀ ਹੋਏ ਅਤੇ ਬਹੁਤ ਪ੍ਰਸਿੱਧ ਵੀ ਹੋਏ।

ਜਲੰਧਰ ਤੋਂ ਇਕ ਸਾਹਿਤਕ ਮਾਸਕ ਪੱਤਰ ਨੀਲਮਣੀ' (*1980*), ਤਸਵੀਰ' (*1970*) , ਸਾਡਾ ਜ਼ਮਾਨਾ' (*1978*), ਸਿਰਜਣਾ' (*1980*), ਦ੍ਰਿਸ਼ਟੀ' (*1976*) ਆਦਿ ਜਾਰੀ ਹੋਏ ਅਤੇ ਆਧੁਨਿਕ ਤਕਨੀਕਾਂ ਨਾਲ ਚਲ ਵੀ ਰਹੇ ਹਨ। ਲੁਧਿਆਣਾ ਤੋਂ ਪੰਜਾਬੀ ਸਾਹਿਤ ਅਕਾਦਮੀ ਨੇ ਸਾਹਿਤਾਲੋਚਨਾ ਦਾ ਤ੍ਰੈ-ਮਾਸਕ ਆਲੋਚਨਾਂ' (*1955*) ਅਤੇ ਇਸਦੇ ਨਾਲ ਹੀ ਸਾਹਿਤ ਸਮਾਚਾਰ' (*1952*) ਵਿਚ ਕੱਢਿਆ ਗਿਆ। ਇਸਤਰੀਆਂ ਨਾਲ ਸੰਬੰਧ ਪਰਚੇ ਵੀ ਨਿਕਲੇ ਤ੍ਰਿੰਝਣ (*1960*), ਸੁਆਣੀ ਆਦਿ। ਬੰਬੰਈ ਦਾ ਇਕ ਮਿਆਰੀ ਪਰਚਾ ਚੇਤਨਾ' ਤ੍ਰੈ-ਮਾਸਕ ਜਾਰੀ ਹੋਇਆ। ਇਕ ਬੜਾ ਚੰਗਾ ਪਰਚਾ ਸੁਚੇਤਨਾ' ਫਰੀਦਕੋਟ ਤੋਂ ਜਾਰੀ ਹੋਇਆ।

ਇਸ ਤਰ੍ਹਾਂ ਪੰਜਾਬੀ ਵਿਚ ਕਈ ਰੋਜ਼ਾਨਾਂ ਅਖ਼ਬਾਰ ਅਤੇ ਰਸਲੇ ਪ੍ਰਕਾਸ਼ਿਤ ਹੁੰਦੇ ਆ ਰਹੇ ਹਨ, ਪਰ ਜ਼ਿਆਦਾਤਰ ਆਰਥਕ ਵਸੀਲੇ ਚੰਗੇ ਨਾ ਹੋਣ ਕਾਰਣ ਕੋਈ ਨਾ ਕੋਈ ਵਜਹ ਬਣ ਜਾਂਦੀ ਹੈ ਕਿ ਕੋਈ ਬੰਦ ਹੋ ਜਾਂਦਾ ਹੈ, ਕਦੀ ਰੁਕ ਕੇ ਫੇਰ ਚਾਲੂ ਹੋ ਜਾਂਦਾ ਹੈ ਜਾਂ ਕਈ ਵਾਰ ਉਸਦੇ ਪੰਨੇ ਵੀ ਘਟ ਕਰ ਦਿੱਤੇ ਜਾਂਦੇ ਹਨ। ਖ਼ਬਰਾਂ ਲਈ ਪੰਜਾਬੀ ਦੇ ਪਰਚਿਆਂ ਕੋਲ ਕੋਈ ਬਹੁਤੀਆਂ ਸਹੂਲਤਾਂ ਵੀ ਨਹੀਂ ਸਨ ਹੁੰਦੀਆਂ। ਬਹੁਤੀ ਵਾਰੀ ਤਾਂ ਉਹ ਸਮਗਰੀ ਇਥੋਂ ਉਥੋਂ ਹੀ ਇਕੱਠੀ ਕਰਦੇ ਸਨ। ਖ਼ਬਰਾਂ ਲਈ ਕਿਸੇ ਸਪਤਾਹਿਕ ਪੱਤਰ ਕੋਲ ਕਿਸੇ ਖ਼ਬਰ ਏਜੰਸੀ ਦੀ ਸੇਵਾ

ਨਹੀਂ ਸੀ ਤੇ ਨਾ ਹੀ ਜਗ੍ਹਾ-ਜਗ੍ਹਾ 'ਤੇ ਆਪਣੇ ਪੱਤਰ ਪ੍ਰੇਰਕ ਸਨ।

ਇੱਕੀਵੀਂ ਸਦੀ ਵਿਚ ਪਹੁੰਚ ਕੇ ਅੱਜ ਹਾਲਾਤ ਬਦਲ ਗਏ ਹਨ। ਪੰਜਾਬੀ ਪਰਚਿਆਂ ਨੇ ਵੀ ਬਾਕੀ ਭਾਸ਼ਾਵਾਂ ਦੇ ਪਰਚਿਆਂ ਵਾਂਗ ਆਧੁਨਿਕ ਤਕਨੀਕਾਂ ਨੂੰ ਅਪਨਾ ਲਿਆ ਹੈ। ਅੱਜ ਪ੍ਰਕਾਸ਼ਿਤ ਹੋਣ ਵਾਲੇ ਪਰਚੇ ਪਹਿਲਾਂ ਨਾਲੋਂ ਬਹੁਤ ਵਧੀਆ ਛਪਾਈ ਦੇ ਸਾਧਨਾਂ ਦੀ ਵਰਤੋਂ ਨਾਲ ਛਪਣ ਦੇ ਨਾਲ ਨਾਲ ਇੰਟਰਨੈਟ ਤੇ ਔਨਲਾਈਨ ਵੀ ਪੜ੍ਹੇ ਜਾ ਸਕਦੇ ਹਨ। ਈ. ਪੇਪਰਾਂ ਨੂੰ ਵੇਖ ਕੇ ਪੰਜਾਬੀ ਦੀ ਤਰੱਕੀ 'ਤੇ ਮਾਣ ਵੀ ਹੁੰਦਾ ਹੈ। ਇਹ ਗਲ ਇਥੇ ਵਰਨਣਯੋਗ ਹੈ ਕਿ ਇਨ੍ਹਾਂ ਪਰਚਿਆਂ ਦੀ ਗਿਣਤੀ ਅਜੇ ਬਹੁਤ ਘਟ ਹੈ ਪਰ, ਘਟ ਗਿਣਤੀ ਦੇ ਬਾਵਜੂਦ ਵੀ ਇੰਟਰਨੈਟ ਤੇ ਦੇਸ਼ ਵਿਦੇਸ਼ ਤੋਂ ਸਾਨੂੰ ਕਈ ਅਖ਼ਬਾਰ ਅਤੇ ਰਸਾਲੇ ਪੜ੍ਹਨ ਨੂੰ ਮਿਲ ਜਾਂਦੇ ਹਨ।

ਇੰਟਰਨੈਟ ਤੇ ਖੋਜ ਕਰਨ 'ਤੇ ਪੰਜਾਬੀ ਪੱਤਰਕਾਰੀ ਬਾਰੇ ਮਿਲੀ ਜਾਣਕਾਰੀ ਅਨੁਸਾਰ ਲਗਾਤਾਰ ਪ੍ਰਕਾਸ਼ਿਤ ਹੋਣ ਵਾਲੇ ਅਖ਼ਬਾਰ 'ਅਜੀਤ', 'ਜੱਗਬਾਣੀ', 'ਚੜ੍ਹਦੀ ਕਲਾ', 'ਪੰਜਾਬੀ ਜਾਗਰਣ' ਆਦਿ ਅਜਿਹੇ ਪੱਤਰ ਹਨ ਜਿਨ੍ਹਾਂ ਨੂੰ ਅਸੀਂ ਇੰਟਰਨੈਟ 'ਤੇ ਵੀ ਹਰ ਵੇਲੇ ਪੜ੍ਹ ਸਕਦੇ ਹਾਂ। ਪੰਜਾਬੀ ਜਾਗਰਣ ਦਾ ਪਰਚਾ 'ਜੋਸ਼' ਅਤੇ ਪੰਜਾਬੀ ਟ੍ਰਿਬਿਊਨ ਦੇ ਨਾਂ ਹੇਠ- ਮਾਲਵਾ, ਫਿਲਮਨਾਮਾ ਅਤੇ ਦਿਨ੍ਹਾਂ ਦੇ ਹਿਸਾਬ ਨਾਲ ਵਖਰੇ-ਵਖਰੇ ਵਿਸ਼ੇਸ਼ ਪਰਚੇ ਪ੍ਰਕਾਸ਼ਿਤ ਅਤੇ ਇੰਟਰਨੈਟ 'ਤੇ ਮਿਲਦੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਔਨਲਾਈਨ ਜਾਂ ਈ. ਅਖ਼ਬਾਰਾਂ 'ਕੌਮੀ ਪਤ੍ਰਿਕਾ' (ਦਿੱਲੀ), 'ਧੜੱਲੇਦਾਰ' (ਪਟਿਆਲਾ), 'ਆਸ਼ਿਆਨਾ' (ਪਟਿਆਲਾ), 'ਆਸ਼ਿਆਨਾ' (ਰੋਜ਼ਾਨਾ, ਪਟਿਆਲਾ), 'ਇੰਡੀਅਨ' (ਰੋਜ਼ਾਨਾ ਚੰਡੀਗੜ੍ਹ), 'ਦੇਸ਼ ਦੁਆਬਾ', 'ਪੰਜਾਬ ਪੋਸਟ' (ਸਪਤਾਹਕ, ਅੰਮ੍ਰਿਤਸਰ), 'ਮਾਲਵਾ ਮੇਲ' (ਸਪਤਾਹਕ ਮੋਘਾ) ਆਦਿ ਅਨੇਕਾਂ ਪਰਚੇ ਵੇਖੇ ਅਤੇ ਪੜ੍ਹੇ ਜਾ ਸਕਦੇ ਹਨ। ਇਨ੍ਹਾਂ ਪਰਚਿਆਂ ਦੀ ਛਪਾਈ ਕਿਸੇ ਨਜ਼ਰ ਤੋਂ ਵੀ ਬਾਕੀ ਪਰਚਿਆਂ ਨਾਲੋਂ ਘੱਟ ਨਹੀਂ। ਇਹ ਤਾਂ ਉਹ ਪਰਚੇ ਹਨ ਜਿਹੜੇ ਭਾਰਤ 'ਚ ਹੀ ਛੱਪਦੇ ਹਨ। ਇਨ੍ਹਾਂ ਦੇ ਨਾਲ-ਨਾਲ ਵਿਦੇਸ਼ਾਂ ਤੋਂ ਮਿਲਣ ਵਾਲੇ ਪਰਿਚਆਂ ਦੀ ਗਿਣਤੀ ਇਨ੍ਹਾਂ ਪਰਚਿਆਂ ਤੋਂ ਬਹੁਤ ਜ਼ਿਆਦਾ ਹੈ।

ਕੈਨੇਡਾ ਤੋਂ ਔਨਲਾਈਨ ਮਿਲਣ ਵਾਲੇ ਕਈ ਅਖ਼ਬਾਰ ਅਤੇ ਮੈਗ਼ਜ਼ੀਨ ਹਨ, ਜਿਹੜੇ ਉੱਥੇ ਬੈਠੇ ਪਰਵਾਸੀ ਚਲਾ ਰਹੇ ਹਨ। ਇਨ੍ਹਾਂ ਅਖ਼ਬਾਰਾਂ ਨੂੰ ਵੇਖ ਕੇ ਉਨ੍ਹਾਂ ਲੋਕਾਂ ਵਿਚ ਵਸਦਾ ਪੰਜਾਬ ਪਿਆਰ ਸਾਫ਼ ਨਜ਼ਰ ਆਉਂਦਾ ਹੈ। ਕੈਨੇਡਾ ਤੋਂ ਮਿਲਣ ਵਾਲੇ ਕੁਝ ਪਰਚੇ ਹਨ, 'ਪੰਜਾਬ ਡੇਲੀ', 'ਪਰਵਾਸੀ', 'ਕੈਨੇਡੀਅਨ ਪੰਜਾਬੀ ਪੋਸਟ', 'ਸਾਂਝ-ਸਵੇਰਾ', 'ਬ੍ਰਿਟਿਸ਼ ਕੋਲੰਬੀਆ' ਦ ਆਵਾਜ਼', 'ਪੰਜਾਬ ਪੋਸਟ' ਆਦਿ। ਇਹ ਪਰਚੇ ਪ੍ਰਕਾਸ਼ਨ ਦੀਆਂ ਬਿਲਕੁਲ ਆਧੁਨਿਕ ਤਕਨੀਕਾਂ ਦਾ ਇਸਤੇਮਾਲ ਕਰਕੇ ਤਿਆਰ ਕੀਤੇ ਗਏ ਹਨ। ਅਸੀਂ ਇਨ੍ਹਾਂ ਦੀਆਂ ਖ਼ਬਰਾਂ ਹਰ ਸਮੇਂ ਵੇਖ-ਪੜ੍ਹ ਸਕਦੇ ਹਾਂ।

ਅਮਰੀਕਾ ਵਿਚ ਪ੍ਰਕਾਸ਼ਿਤ ਹੋਣ ਵਾਲੇ ਪਰਚੇ ਜਿਹੜੇ ਸਾਨੂੰ ਆਨਲਾਈਨ ਵੀ ਮਿਲਦੇ ਹਨ ਅਤੇ ਈ. ਪਰਚੇ ਵੀ ਮਿਲਦੇ ਹਨ। 'ਸ਼ੇਰ-ਏ-ਪੰਜਾਬ' (ਸਪਤਾਹਿਕ), 'ਆਪਣਾ ਪੰਜਾਬ' (ਰੋਜ਼ਾਨਾ ਅਤੇ ਸਪਤਾਹਕ), 'ਏਕ ਨੂਰ' (ਰੋਜ਼ਾਨਾ) 'ਹਿੰਦੋਸਤਾਨ ਪੋਸਟ' (ਸਪਤਾਹਿਕ), 'ਪਰਦੇਸ ਨਿਊਜ਼' (ਸਪਤਾਹਿਕ), 'ਕੌਮੀ ਏਕਤਾ', 'ਪੰਜ ਦਰਿਆ' (ਸਪਤਾਹਿਕ), 'ਪੰਜਾਬੀ ਰਾਈਟਰਸ' (ਸਪਤਾਹਿਕ) ਅਤੇ 'ਪੰਜਾਬ ਮੇਲ' (ਈ. ਨਿਊਜ਼ਪੇਪਰ) ਆਦਿ ਕਈ ਪਰਚੇ ਮਿਲਦੇ ਹਨ, ਜਿਹੜੇ ਵਿਦੇਸ਼ਾਂ ਵਿਚ ਬੈਠੇ ਆਪਣੇ ਸਾਥੀਆਂ ਨੂੰ ਦੇਸ਼ ਦੀਆਂ ਖ਼ਬਰਾਂ ਪਹੁੰਚਾਉਂਦੇ ਹਨ। ਇਸੇ ਤਰਾਂ ਯੂ.ਕੇ., ਇਟਲੀ, ਨਿਊਜ਼ੀਲੈਂਡ, ਦੁਬਈ, ਅਸਟ੍ਰੇਲੀਆ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਵੀ ਸਾਨੂੰ ਕਈ ਪਰਚੇ ਮਿਲਦੇ ਹਨ, ਜਿਹੜੇ ਬੜੀ ਕਾਮਯਾਬੀ ਨਾਲ ਪ੍ਰਕਾਸ਼ਿਤ ਹੋ ਰਹੇ ਅਤੇ ਵੱਧ-ਫੁੱਲ ਰਹੇ ਹਨ। ਇਨ੍ਹਾਂ ਕੁਝ ਪਰਚਿਆਂ ਦੇ ਨਾਂ ਹਨ: 'ਆਵਾਜ਼ ਕੌਮ', 'ਪੰਜਾਬ ਟਾਇਮਜ਼', 'ਦੇਸ-ਪਰਦੇਸ', 'ਬੱਧਨੀ', 'ਮਨ-ਚਿੱਤ', 'ਪਰਦੇਸ' ਆਦਿ। ਇਹ ਯੂ. ਕੇ. ਤੋਂ ਛਪਣ ਵਾਲੇ ਸਪਤਾਹਿਕ ਪੱਤਰ ਹਨ। ਇਨ੍ਹਾਂ ਨੂੰ ਪੜ੍ਹ ਕੇ ਇਹ ਬਿਲਕੁਲ ਨਹੀ ਕਿਹਾ ਜਾ ਸਕਦਾ ਕਿ ਇਹ ਆਪਣੇ ਪੰਜਾਬ ਤੋਂ ਜਾਂ ਪੰਜਾਬੀਆਂ ਤੋਂ ਦੂਰ ਹਨ। ਕਿਉਂਕਿ ਖ਼ਬਰਾਂ ਨੂੰ ਇਕੱਠਿਆਂ ਕਰਨ ਦਾ ਤਰੀਕਾ ਉਨ੍ਹਾਂ ਦਾ ਉਹੀ ਹੈ ਜੋ ਬਾਕੀ ਸਾਰੇ ਅਖ਼ਬਾਰਾਂ ਦਾ ਹੈ। ਇਸੇ ਤਰ੍ਹਾਂ ਇਟਲੀ ਤੇ ਦੁਬਾਈ ਤੋਂ ਪ੍ਰਕਾਸ਼ਿਤ ਹੋਣ ਵਾਲੇ ਪਰਚੇ : 'ਪੰਜਾਬ ਐਕਸਪ੍ਰੈਸ', 'ਯੂਰਪ ਦੀ ਆਵਾਜ਼', 'ਪੰਜਾਬੀ ਤਹਿਲਕਾ', 'ਯੂਰੋਪ ਵਿਚ ਪੰਜਾਬੀ', 'ਦਾ ਟਾਇਮਸ ਆਫ਼ ਪੰਜਾਬ' ਹਨ। 'ਪੰਜਾਬੀ ਨਿਊਜ਼' ਇਕ ਅਜਿਹੀ ਵੈਬਸਾਈਟ ਹੈ ਜਿਥੇ ਪੰਜਾਬੀ ਦੇ ਕੁਝ ਪਹਿਲੇ (ਪੁਰਾਣੇ) ਪਰਚੇ ਜਿਵੇਂ 'ਅਜੀਤ' ਜਲੰਧਰ, 'ਜਗਬਾਣੀ', 'ਪੰਜਾਬੀ ਟ੍ਰਿਬਿਊਨ' ਅਤੇ 'ਰੋਜ਼ਾਨਾ ਸਪੋਕਸਮੈਨ' ਹਰ ਸਮੇਂ ਪੜ੍ਹੇ ਜਾ ਸਕਦੇ ਹਨ। ਅਸਟ੍ਰੇਲੀਆ ਵੀ ਬਾਕੀ ਦੇਸ਼ਾਂ ਦੇ ਨਾਲ-

ਨਾਲ ਪੰਜਾਬੀ ਅਖ਼ਬਾਰਾਂ ਦੇ ਖੇਤਰ ਵਿਚ ਪਿਛੇ ਨਹੀਂ ਰਿਹਾ। ਉਹ ਵੀ ਅੱਜ ਕਈ ਪਰਚੇ ਪ੍ਰਕਾਸ਼ਿਤ ਕਰਦਾ ਹੈ, ਪੰਜਾਬ ਐਕਸਪ੍ਰੈਸ', ਦਿ ਪੰਜਾਬ', ਪੰਜਾਬ ਟਾਇਮਸ', ਇੰਡੋ ਟਾਇਮਸ' ਆਦਿ ਕਈ ਪਰਚੇ ਮਿਲਦੇ ਹਨ। ਨਿਊਜ਼ੀਲੈਂਡ ਦਾ ਇਕ ਈ. ਅਖ਼ਬਾਰ ਕੂਕ' ਪੰਜਾਬੀ ਸਮਾਚਾਰ ਵੀ ਮਿਲਦਾ ਹੈ। ਇਹ ਸਾਰੀਆਂ ਅਖ਼ਬਾਰਾਂ, ਈ-ਪਰਚੇ, ਆਨਲਾਇਨ ਪਰਚੇ, ਰਸਾਲੇ ਆਦਿ ਅਤੇ ਇਨ੍ਹਾਂ ਬਾਰੇ ਸੰਪੂਰਨ ਜਾਣਕਾਰੀ ਸਾਨੂੰ ਇੰਟਰਨੈਟ ਤੋਂ ਮਿਲਦੀ ਹੈ। ਜ਼ਰੂਰਤ ਹੈ ਤਾਂ ਸਾਨੂੰ ਸਾਰੀ ਦੁਨੀਆਂ ਨਾਲ ਰਲ ਕੇ ਇਨ੍ਹਾਂ ਤੱਕ ਪਹੁੰਚਣ ਦੀ। ਉਪਰੋਕਤ ਜਾਣਕਾਰੀ ਵੀ ਅਸੀਂ ਇੰਟਰਨੈਟ ਤੋਂ ਹੀ ਪ੍ਰਾਪਤ ਕੀਤੀ ਹੈ। ਇਹ ਸਾਰੀ ਬਿਲਕੁਲ ਤਾਜ਼ਾ ਜਾਣਕਾਰੀ ਹਰ ਵੇਲੇ ਇੰਟਰਨੈਟ ਤੋਂ ਲਈ ਜਾ ਸਕਦੀ ਹੈ।

ਇਸ ਤਰ੍ਹਾਂ ਪੰਜਾਬੀ ਅਖ਼ਬਾਰਾਂ ਦੇ ਅਰੰਭ ਤੋਂ ਵਿਕਾਸ ਕਰਕੇ ਜਦੋਂ ਅਸੀਂ ਅਜੋਕੇ ਸਮੇਂ ਵਿਚ ਪਹੁੰਚਦੇ ਹਾਂ ਤਾਂ ਇਹ ਕਹਿਣਾ ਬਿਲਕੁਲ ਗਲਤ ਨਹੀਂ ਹੈ ਕਿ ਪੰਜਾਬੀ ਪ੍ਰਿੰਟ ਮੀਡੀਆ ਨੇ ਜੋ ਤਰੱਕੀ ਕੀਤੀ ਹੈ ਉਹ ਕਮਾਲ ਹੈ। ਅਜ ਦੇ ਦੌਰ ਵਿਚ ਪੰਜਾਬੀ ਪੱਤਰਕਾਰੀ ਬਾਕੀ ਭਾਸ਼ਾਵਾਂ ਦੀ ਪੱਤਰਕਾਰੀ ਨਾਲੋਂ ਕਿਸੇ ਵੀ ਪੱਧਰ 'ਤੇ ਘੱਟ ਨਹੀਂ ਹੈ ਅਤੇ ਬਾਕੀ ਅਖ਼ਬਾਰਾਂ ਦੇ ਬਰਾਬਰ ਦੇ ਮੁਕਾਬਲੇ 'ਤੇ ਹੈ। ਵਿਸ਼ੇਸ਼ ਗੱਲ ਜੋ ਧਿਆਨ ਦੇਣ ਵਾਲੀ ਹੈ ਉਹ ਇਹ ਹੈ ਕਿ ਅਖ਼ਬਾਰਾਂ ਦਾ ਪ੍ਰਕਾਸ਼ਿਤ ਹੋਣਾ ਜਾਂ ਆਧੁਨਿਕ ਤਕਨੀਕਾਂ ਰਾਹੀਂ ਆਨਲਾਇਨ ਮਿਲਨਾ, ਈ ਅਖ਼ਬਾਰਾਂ ਆਦਿ ਤਾਂ ਹੀ ਪੂਰੀ ਤਰ੍ਹਾਂ ਕਾਮਯਾਬ ਹੈ ਜੇ ਸਾਨੂੰ ਪਾਠਕ ਵੀ ਉਤਨੇ ਹੀ ਮਿਲਣ। ਸੋ ਸਾਡੀ ਸਮੱਸਿਆ ਇਸ ਵੇਲੇ ਇਨ੍ਹਾਂ ਖ਼ਬਰਾਂ ਜਾਂ ਇਨ੍ਹਾਂ ਅਖ਼ਬਾਰਾਂ ਨੂੰ ਪੜ੍ਹਨ ਵਾਲਿਆਂ ਦੀ ਘਾਟ ਦੀ ਹੈ। ਕੋਈ ਵੀ ਸਾਧਨ ਤਾਂ ਹੀ ਕਾਮਯਾਬੀ ਹਾਸਲ ਕਰ ਸਕਦਾ ਹੈ ਜੇ ਉਸਦੇ ਆਰਥਕ ਖਰਚੇ ਪੂਰੇ ਹੋਣ ਅਤੇ ਇਹ ਤਾਂ ਹੀ ਸੰਭਵ ਹੈ ਜੇ ਇਨ੍ਹਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਖ਼ਰੀਦਿਆ ਜਾਵੇ, ਪੜ੍ਹਿਆ ਜਾਵੇ ਅਤੇ ਇਨ੍ਹਾਂ ਨਾਲ ਜੁੜਿਆ ਜਾਵੇ। ਵੱਧ ਪੜ੍ਹਨ ਨਾਲ ਵੱਧ ਜੁੜਾਂਗੇ। ਸੋ ਪ੍ਰਿੰਟ ਮੀਡੀਆ ਨੂੰ ਆਧੁਨਿਕ ਸਮੇਂ ਵਿਚ ਬਰਕਾਰਾ ਰੱਖਣ ਲਈ ਨਵੀਂ ਪੀੜ੍ਹੀ ਨੂੰ ਵੀ ਸਹਿਯੋਗ ਦੇਣ ਦੀ ਜ਼ਰੂਰਤ ਹੈ।

## ਸੰਦਰਭ ਸੂਚੀ


1. ਅਟਾਰੀ, ਈਸ਼ਰ ਸਿੰਘ, ਭਾਰਤ ਵਿਚ ਪੱਤਰਕਾਰੀ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1994
2. ਅਰੋੜਾ, ਹਰੀਸ਼, (ਡਾ), ਜਨਸੰਚਾਰ *(ਹਿੰਦੀ)*, ਯੁਵਾ ਸਾਹਿਤ ਮੰਡਲ, ਨਵੀਂ ਦਿੱਲੀ, 2009
3. ਅਰੋੜਾ, ਹਰੀਸ਼, (ਡਾ), ਪ੍ਰਿੰਟ ਮੀਡੀਆ ਲੇਖਨ *(ਹਿੰਦੀ)*, ਕੇ. ਕੇ. ਪਬਲੀਕੇਸ਼ਨ, ਨਵੀਂ ਦਿੱਲੀ, 2009
4. ਸੂਬਾ ਸਿੰਘ, ਪੰਜਾਬੀ ਪੱਤਰਕਾਰੀ ਦਾ ਇਤਿਹਾਸ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1974
5. ਕੁੰਦਰਾ, ਬਲਬੀਰ (ਡਾ), ਸੰਚਾਰ ਸੇ ਜਨਸੰਚਾਰ ਔਰ ਜਨਸੰਪਰਕ ਤਕ (ਹਿੰਦੀ), *ਕੇ.* ਕੇ. ਪਬਲੀਕੇਸ਼ਨ, ਨਵੀਂ ਦਿੱਲੀ, 2006
6. ਖਹਿਰਾ, ਸੁਰਿੰਦਰ ਸਿੰਘ, ਪੰਜਾਬੀ ਪੱਤਰਕਾਰੀ, ਸੁਖਰਾਜ ਪ੍ਰਕਾਸ਼ਨ, ਪਟਿਆਲਾ, 1983
7. ਪੁੰਨੀ, ਅਮਰੀਕ ਸਿੰਘ (ਡਾ) (ਅਨੁ.), ਸਾਡੇ ਅਖਬਾਰਾਂ ਦੀ ਕਹਾਣੀ, ਚੰਚਲ ਸਰਕਾਰ, ਨੈਸ਼ਨਲ ਬੁੱਕ ਟਰਸਟ,ਇੰਡੀਆ, 1986
8. ਭਜਨ ਸਿੰਘ, ਗਿਆਨੀ, ਪੰਜਾਬੀ ਪੱਤਰਕਾਰੀ ਦਾ ਵਿਕਾਸ, ਪੰਜਾਬੀ ਅਕਾਦਮੀ, ਦਿੱਲੀ, 2009